نوین چٹھی پتر

G.110

# ਨਵੀਨ ਚਿੱਠੀ ਪੱਤਰ

ਨਵੀਨ

# ਚਿੱਠੀ ਪੱਤਰ

ਕ੍ਰਿਤ

**ਇੰਦਰ ਕੌਰ**

[ਕਰਤਾ–ਕਮਾਲ ਪਾਸ਼ਾ, ਸੰਖੇਪ ਭਾਵ ਆਦਿ]

SARDAR DYAL SINGH (LAHORE) LIBRARY.

ਲਾਹੌਰ

**ਲਾਹੌਰ ਬੁਕਸ਼ਾਪ**

ਨਿਸਬਤ ਰੋਡ

ਵਜ਼ੀਫ਼ੇ ਹੁਣ ਕੇਵਲ ਲਿਆਕਤ ਅਨੁਸਾਰ ਮੁਕਾਬਲੇ ਦੇ ਇਮਤਿਹਾਨਾਂ ਵਿਚ ਆਏ ਮੁੰਡੇ ਕੁੜੀਆਂ ਨੂੰ ਮਿਲਦੇ ਹਨ। ਸੋ ਇਸ ਲਈ ਇਸ ਸੰਬੰਧ ਵਿਚ ਤੁਹਾਡੇ ਪੁਤਰ ਗ਼ੁਲਾਮ ਰਸੂਲ ਲਈ ਕੁਝ ਨਹੀਂ ਕੀਤਾ ਜਾ ਸਕਦਾ।

ਤੇ ਫ਼ੀਸਾਂ ਦੀ ਮਾਫ਼ੀ ਲਈ ਗਰੀਬੀ ਦੀ ਨੀਂਹ ਉਤੇ ਫੀਸਾਂ ਮੁਆਫ਼ ਕਰਨ ਦੇ ਅਧਿਕਾਰ ਸਕੂਲਾਂ ਦੇ ਹੈਡਮਾਸਟਰ ਸਾਹਿਬਾਨ ਨੂੰ ਹਨ, ਸੋ ਇਸ ਸਬੰਧ ਵਿਚ ਉਨ੍ਹਾਂ ਨੂੰ ਬਿਨੇ ਪੱਤਰ ਘੱਲੋ।

ਸਹੀ...............

ਵਿਦਿਅਕ ਸੁਪ੍ਰੰਟੰਡੰਟ,

ਬਲੋਚਿਸਤਾਨ ਵਿਖੇ।

ਮੈਮੋਰੈਂਡਮ ਅਕਸਰ ਆਪਣੇ ਤੋਂ ਛੋਟਿਆਂ ਜਾਂ ਆਪਣੇ ਬਰਾਬਰ ਦਿਆਂ ਨੂੰ ਲਿਖੇ ਜਾਂਦੇ ਹਨ।

## ਅ. ਨੀਮ ਸਰਕਾਰੀ

*ਨ: ਸ: ਨੰਬਰ ੯੧

ਵਿਦਿਅਕ ਦਫ਼ਤਰ
ਕੋਇਟਾ
ਜੁਲਾਈ ੫, ੧੯੪੧

ਪਿਆਰੇ ਬੇਦੀ ਜੀ,

ਹਵਾਲਾ ਮੇਰੇ ਸਟੈਨੋਗਰਾਫ਼ਰ ਰਾਮ ਸਰੂਪ ਸੰਬੰਧੀ ਪਿਛਲੀਆਂ ਦੋ ਮੁਤਬਰ (confidential) ਰਪੋਰਟਾਂ।

ਮੈਨੂੰ ਆਪਣੇ ਇਸ ਸਟੈਨੋਗਰਾਫ਼ਰ ਦਾ ਕੰਮ ਕੁਝ ਜਚਿਆ

*ਨੀਮ ਸਰਕਾਰੀ।



ਨਹੀਂ। ਇਹ ਜ਼ਰੂਰੀ ਗੱਲਾਂ ਆਪਣੇ ਦਿਲ ਵਿਚ ਨਹੀਂ ਰਖ ਸਕਦਾ, ਸਗੋਂ ਪਾਟੇ ਢੋਲ ਵਾਂਗ ਹਰ ਕਿਸੇ ਨੂੰ ਦਸਦਾ ਫਿਰਦਾ ਹੈ। ਇਸ ਦੇ ਮਿਹਨਤੀ ਤੇ ਵਫ਼ਾਦਾਰ ਹੋਣ ਵਿਚ ਮੈਨੂੰ ਰਤਾ ਵੀ ਸ਼ਕ ਨਹੀਂ, ਪਰ ਗੱਲਾਂ ਲੁਕਾ ਕੇ ਰਖਣਾ ਜਿਹੜਾ ਕਿ ਸਟੈਨੋਗਰਾਫ਼ਰ ਦਾ ਸਭ ਤੋਂ ਵਡਾ ਗੁਣ ਹੁੰਦਾ ਹੈ, ਉਹ ਇਸ ਵਿਚ ਉੱਕਾ ਹੈ ਹੀ ਨਹੀਂ ਤੇ ਸ਼ਾਇਦ ਉਹ ਇਸ ਦੇ ਵੱਸੋਂ ਬਾਹਰੀ ਗੱਲ ਹੈ।

ਜੇ ਤੁਸੀਂ ਇਸ ਨੂੰ ਮੇਰੇ ਦਫ਼ਤਰੋਂ ਬਦਲ ਕੇ ਮੈਨੂੰ ਇਸ ਦੀ ਥਾਂ ਮੁਹੰਮਦ ਅਸਲਮ ਦੇ ਦੇਵੋ ਤਾਂ ਚੰਗਾ ਹੋਵੇਗਾ।

ਦਿਲੋਂ ਤੁਹਾਡਾ,
ਸਹੀ...........

ਸ੍ਰ: ਪ੍ਰਦੁਮਨ ਸਿੰਘ ਬੇਦੀ,
ਆਈ. ਸੀ. ਐਸ.
ਰੈਵੇਨੀਊ ਕਮਿਸ਼ਨਰ,
ਬਲੋਚਿਸਤਾਨ, ਕੋਇਟਾ।

ਨੀਮ ਸਰਕਾਰੀ ਚਿੱਠੀਆਂ ਅਫ਼ਸਰ ਆਪੋ ਵਿਚ ਇਕ ਦੂਜੇ ਨੂੰ ਲਿਖਦੇ ਹਨ। ਟਾਈਪ ਕੀਤੀਆਂ ਇਹੋ ਜਿਹੀਆਂ ਚਿੱਠੀਆਂ ਵਿਚ ਉਪਰ 'ਪਿਆਰੇ......' ਤੇ ਹੇਠਾਂ 'ਦਿਲੋਂ ਤੁਹਾਡਾ' ਇਹ ਅਖਰ ਅਕਸਰ ਟਾਈਪ ਨਹੀਂ ਕੀਤੇ ਜਾਂਦੇ, ਸਗੋਂ ਹੱਥਾਂ ਨਾਲ ਲਿਖੇ ਜਾਂਦੇ ਹਨ ਤੇ ਹੇਠਾਂ ਖੱਬੇ ਹੱਥ ਵਲ ਜਿਸ ਵਲ ਅਜਿਹੀ ਚਿੱਠੀ ਹੋਵੇ ਉਸ ਦਾ ਪੂਰਾ ਪਤਾ ਟਾਈਪ ਕੀਤਾ ਜਾਂਦਾ ਹੈ।

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.